# ਰੇਡੀਓ ਲਵੀਵਾਰ:ਜਲਵਾਯੂ ਬਦਲਾਅ – ਕਿਉਂ ਬਦਲ ਰਹੀ ਹੈਂ ਫਿਜ਼ਾਏਂ

## ਕੜੀ 45: ਚਰਚਾ – ਆਪਸੀ ਵਾਰਤਾਲਾਪ

**(Interactive Episode)**

ਪੰਜਾਬੀ ਰੁਪਾਂਤਰ, ਖੋਜ ਤੇ ਲੇਖਣ: ਭਾਰਤ ਗਿਆਨ ਵਿਗਿਆਨ ਸੰਮਤੀ, ਪੰਜਾਬ ਤੇ ਚੰਡੀਗੜ੍ਹ

(In this interactive episode, we have discussed the gist of the previous nine episodes 36 to 44 episodes on climate change, in brief. Only two characters in the form of Male and Female narrator are discussing the issues taken up in each of the previous 9 episodes in order to discuss the major issues raised therein. There is an effort to make more clarifications on the various concepts involved in the phenomenon of climate change, the impact of climate change and gloal warming on our country – Bharat, the rise of sea level, submerging of iselands and coastal areas, the impact on livelihood of coastal population, displacement, fishing and livelihood, the increasing salinity of soil, the changing pattern of monsoon and rainfall, the impact on agriculture, food and crop production, melting glaciers and floods, emerging new diseases and re-appearance of the erstwhile eradicated diseases, the impact on forests, forest life, the natural resources from forests and on ecology have been discussed in brief. Questions have been raised and answers have been given in the form of reply through the dialogue between the duet. In the end, certain questions have been proposed, the answers to which are to be provided by the artists on the basis of expert advice/data or even by the experts appearing and talking to the audience).

(ਇਸ ਆਪਸੀ ਵਿਚਾਰ ਵਟਾਂਦਰਾ/ਚਰਚਾ ਦੀ ਕੜੀ ਵਿੱਚ ਅਸੀਂ ਜਲਵਾਯੂ ਪਰਿਵਰਤਨ ਨਾਲ ਸਬੰਧਤ ਪਿਛਲੀ ਚਰਚਾ ਤੋਂ ਬਾਅਦ ਦੀਆਂ ਨੌਂ ਕੜੀਆਂ, 36 ਤੋਂ 44 ਤੱਕ, ਵਿੱਚ ਉਠਾਏ ਗਏ ਮੁੱਦਿਆਂ ਦਾ ਅਤੇ ਦਿੱਤੇ ਗਏ ਸਮਾਧਾਨਾਂ ਦਾ ਤੱਤ-ਸਾਰ ਸੰਖੇਪ ਵਰਨਣ ਕੀਤਾ ਹੈ। ਇਹ ਕੜੀ ਕੇਵਲ ਦੋ ਪਾਤਰਾਂ, ਮਰਦ ਸੂਤਰਧਾਰ ਤੇ ਔਰਤ ਸੂਤਰਧਾਰ, ਵਿੱਚ ਹੋ ਰਹੇ ਆਪਸੀ ਵਾਰਤਾਲਾਪ ਰਾਹੀਂ ਪੂਰਬਲੀਆਂ ਨੌ ਕੜੀਆਂ ਵਿੱਚ ਉਭਾਰੇ ਗਏ ਮੁਦਿਆਂ ‘ਤੇ ਚਰਚਾ ਹੈ। ਇਨ੍ਹਾਂ ਨੌਂ ਕੜੀਆਂ ਰਾਹੀਂ ਜਲਵਾਯੂ ਬਦਲਾਅ ਅਤੇ ਆਲਮੀ ਤਪਸ਼ (ਗਲੋਬਲ ਵਾਰਮਿੰਗ) ਦੇ ਵਰਤਾਰੇ ਦੇ ਸਬੰਧ ਵਿੱਚ ਪੇਸ਼ ਕੀਤੀਆਂ ਗਈਆਂ ਧਾਰਨਾਵਾਂ ਅਤੇ ਸੰਕਲਪਾਂ ਦੀ ਵਿਆਖਿਆ ਹੋਰ ਸਰਲ, ਸੰਖੇਪ ਤੇ ਸਪਸ਼ਟ ਕੀਤੀ ਗਈ ਹੈ।ਇਸ ਨਾਲ ਸਬੰਧਤ ਧਾਰਨਾਵਾਂ ਦੇ ਪਿੱਛੇ ਕੰਮ ਕਰਦੀ ਵਿਗਿਆਨ, ‘ਤੇ ਚਰਚਾ ਹੈ! ਇਨ੍ਹਾਂ ਕੜੀਆਂ ਰਾਹੀਂ ਕੇਂਦ੍ਰਤ ਕੀਤੇ ਬਿੰਦੂਆਂ, ਜਿਨ੍ਹਾਂ ਵਿੱਚ ਸ਼ਾਮਲ ਹਨ ਜਲਵਾਯੂ ਬਦਲਾਅ ਅਤੇ ਆਲਮੀ ਤਪਸ਼ ਦੇ ਭਾਰਤ ਉਪਰ ਪ੍ਰਭਾਵ, ਸਮੁੰਦਰੀ ਜਲ

ਪੱਧਰ ਦੇ ਵਧਣ ਨਾਲ ਡੁਬਦੇ ਟਾਪੂ ਅਤੇ ਜਲਮਗਨ ਹੁੰਦੇ ਤਟ-ਵਰਤੀ ਇਲਾਕੇ, ਮੱਛੀ ਉਦਯੋਗ ਅਤੇ ਧੰਦੇ 'ਤੇ ਪ੍ਰਭਾਵ, ਗੁਜ਼ਰ-ਬਸਰ ਦੇ ਮਾਮਲੇ ਅਤੇ ਲੁਕਾਈ ਦਾ ਉਜਾੜਾ, ਭੌਂ ਦਾ ਵਧਦਾ ਖਾਰਾਪਨ, ਮਾਨਸੂਨ ਦੇ ਸਰੂਪ ਵਿੱਚ ਬਦਲਾਅ ਅਤੇ ਵਰਖਾ ਦੇ ਤੌਰ ਤਰੀਕਿਆਂ ਵਿੱਚ ਤਬਦੀਲੀ, ਖੇਤੀਬਾੜੀ ਉਪਰ ਅਤੇ ਅਨਾਜ ਤੇ ਫਸਲਾਂ ਦੇ ਉਤਪਾਦਨ ਉਪਰ ਪ੍ਰਭਾਵ, ਗਲੇਸ਼ੀਅਰਾਂ ਦਾ ਪਿਘਲਣਾ ਅਤੇ ਹੜ੍ਹ, ਨਵੀਆਂ ਬਿਮਾਰੀਆਂ ਦਾ ਪਣਪਣਾ ਅਤੇ ਪੁਰਾਣੀਆਂ ਖਤਮ ਹੋਈਆਂ ਬਿਮਾਰੀਆਂ ਦਾ ਮੁੜ ਪ੍ਰਗਟ ਹੋਣਾ, ਜੰਗਲ਼ਾਂ ਉਪਰ ਉਨ੍ਹਾਂ ਦੇ ਜੀਅ-ਜੰਤ, ਕੁਦਰਤੀ ਸ੍ਰੋਤਾਂ ਅਤੇ ਪ੍ਰਸਥਿਤਿਕ ਤੰਤਰ ਉਪਰ ਪੈਂਦੇ ਪ੍ਰਭਾਵਾਂ, ਦੀ ਵਿਆਖਿਆ ਵਿਸਤਾਰ ਨਾਲ ਕੀਤੀ ਗਈ ਹੈ। ਵਿਕਸਿਤ ਦੇਸ਼ਾਂ ਦੀ ਇਸ ਬਦਲਾਅ ਵਿੱਚ ਮੁੱਖ ਭੂਮਿਕਾ ਅਤੇ ਇਸ ਬਦਲਾਅ ਨਾਲ ਵਿਕਾਸਸ਼ੀਲ ਦੇਸ਼ਾਂ ਦਾ ਨੁਕਸਾਨ ਦੇ ਮੁੱਦੇ 'ਤੇ ਚਰਚਾ ਹੈ। ਇਸ ਮਾਮਲੇ ਦੇ ਮੁੱਢ ਦੇ ਪਿੱਛੇ ਕੰਮ ਕਰਦੇ ਵਿਗਿਆਨਿਕ ਨਿਯਮਾਂ ਅਤੇ ਕਰਤ ਬਿੰਦੂਆਂ 'ਤੇ ਹੋਰ ਵਧੇਰੇ ਸਪਸ਼ਟੀਕਰਨ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਕਈ ਪ੍ਰਸ਼ਨ ਉਠਾਏ ਗਏ ਹਨ ਅਤੇ ਉਨ੍ਹਾਂ ਦੇ ਜਵਾਬ ਇਸ ਜੋੜੀ ਦੀ ਆਪਸੀ ਗੱਲ ਬਾਤ ਦੇ ਰਾਹੀਂ ਦਿੱਤੇ ਗਏ ਹਨ! ਅੰਤ ਵਿੱਚ ਕਈ ਹੋਰ ਪ੍ਰਸ਼ਨ ਤਜਵੀਜ਼ ਕੀਤੇ ਗਏ ਹਨ, ਜਿਨ੍ਹਾਂ ਦੇ ਉੱਤਰ ਮਾਹਰਾਂ ਦੀ ਰਾਏ ਅਨੁਸਾਰ ਸਾਡੇ ਕਲਾਕਾਰ ਦੇਣਗੇ ਜਾਂ ਫਿਰ ਮਾਹਰ ਵੀ ਖੁਦ ਪੇਸ਼ ਹੋ ਕੇ ਸ੍ਰੋਤਿਆਂ ਨਾਲ ਚਰਚਾ ਦੇ ਰੂਪ ਵਿੱਚ ਇਹ ਜਵਾਬ ਦੇਣਗੇ)।

**ਪਾਤਰ**

**ਔਰਤ ਸੂਤਰਧਾਰ**

**ਮਰਦ ਸੂਤਰਧਾਰ**

**ਸ਼ੁਰੂਆਤੀ ਐਲਾਨ**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ......

**ਸੰਗੀਤ**......

ਐਲਾਨ : ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਜਲਵਾਯੂ ਬਦਲਾਅ ਦੀ ਵਿਗਿਆਨ ਦੇ ਲੜੀਵਾਰ "ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਪੰਤਾਲੀਵੀਂ ਕੜੀ "ਚਰਚਾ - ਆਪਸੀ ਵਾਰਤਾਲਾਪ"।

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਮੁੜ ਸੁਣਾਇਆ ਜਾਵੇਗਾ)

ਔਰਤ ਸੂਤਰਧਾਰ: ਹਾਂ ਜੀ। ਪਿਆਰੇ ਸ੍ਰੋਤਿਓ ...ਸੁਆਗਤ ਹੈ ਜੀ ਤੁਹਾਡਾ ਸਭ ਦਾ ਅੱਜ ਦੇ "ਜਲਵਾਯੂ ਬਦਲਾਅ ਦੀ ਵਿਗਿਆਨ" ਦੇ ਲੜੀਵਾਰ "ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਪੰਤਾਲੀਵੀਂ ਕੜੀ ਵਿੱਚ।

ਮਰਦ ਸੂਤਰਧਾਰ : ਹਾਂ! ਇਸ ਲੜੀਵਾਰ "ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਪਿਛਲੀ ਕੜੀ, 'ਵਧਦਾ ਤਾਪਮਾਨ ਤੇ ਬੈਚੈਨ ਜੰਗਲ' ਵਿੱਚ ਕੀਤੀ ਸੀ ਅਸੀਂ ਚਰਚਾ ਤੇ ਸੁਣਾਈ ਸੀ ਕਹਾਣੀ ਉਨ੍ਹਾਂ ਸਿਆਸੀ ਮਾਮਲਿਆਂ

ਦੀ ਜਿਹੜੇ ਉੱਭਰਕੇ ਸਾਹਮਣੇ ਆਏ ਹਨ ਜਲਵਾਯੂ ਬਦਲਾਅ ਕਾਰਨ ਵਧਦੇ ਤਾਪਮਾਨ ਦੀ ਬਦੌਲਤ ਖਤਮ ਹੋ ਰਹੇ ਜੰਗਲਾਂ ਦੇ ਕਾਰਨ!

ਔਰਤ ਸੂਤਰਧਾਰ: ਹਾਂ ਜੀ! ਹੋਈ ਸੀ ਚਰਚਾ ਕਿ ਕਿਵੇਂ ਜਲਵਾਯੂ ਬਦਲਾਅ ਦੇ ਮੁੱਦੇ ਨਾਲ ਜੁੜੀ ਹੈ ਜੰਗਲਾਂ ਦੀ ਹੋਣੀ ਅਤੇ ਉਸ ਨਾਲ ਜੁੜੀ ਹੈ ਇਸ ਧਰਤ ਗ੍ਰਹਿ ਉਪਰ ਵਿਚਰ ਰਹੇ ਜੀਵਣ ਦੀ ਕਹਾਣੀ!

ਮਰਦ ਸੂਤਰਧਾਰ : ਤਰਕ ਵਿਤਰਕ ਤੋਂ ਬਾਅਦ ਨਿੱਕਲਿਆ ਸੀ ਇਹ ਸਿੱਟਾ ਕਿ ਜਲਵਾਯੂ ਬਦਲਾਅ ਅਤੇ ਆਲਮੀ ਤਪਸ਼ ਦੇ ਕਾਰਨ ਜੰਗਲਾਂ ਦੇ ਨਸ਼ਟ ਹੋਣ ਦਾ ਕਾਰਨ ਹੈ ਕਿ ਸਰਦੀਆਂ ਦੇ ਘਟਣ ਨਾਲ ਕਈ ਬਨਸਪਤੀਆਂ ਜਿਨ੍ਹਾਂ ਦੀਆਂ ਕਲੀਆਂ ਤੇ ਪੱਤਿਆਂ ਨੂੰ ਪਨਪਣ ਦੇ ਵਾਸਤੇ ਠੰਢ ਦੀ ਲੋੜ ਹੁੰਦੀ ਹੈ ਉਹ ਪਨਪ ਨਹੀਂ ਸਕਦੇ!

ਔਰਤ ਸੂਤਰਧਾਰ: ਗੱਲ ਹੋਈ ਸੀ ਕਿ ਇਸੇ ਕਾਰਨ ਉਹ ਬਨਸਪਤੀਆਂ ਜਾਂ ਤਾਂ ਅਲੋਪ ਹੋ ਜਾਂਦੀਆਂ ਹਨ ਜਾਂ ਫਿਰ ਸਥਾਨ ਬਦਲੀ ਕਰਕੇ ਕਿਸੇ ਉਪਯੁਕਤ ਜਲਵਾਯੂ ਵਾਲੇ ਸਥਾਨ ‘ਤੇ ਚਲੀਆਂ ਜਾਂਦੀਆਂ ਹਨ!

ਮਰਦ ਸੂਤਰਧਾਰ : ਗੱਲ ਕੀਤੀ ਸੀ ਕਿ ਕਿਵੇਂ ਬਦਲਦੀਆਂ ਫਿਜ਼ਾਵਾਂ ਦੇ ਅਸਰ ਕਾਰਨ ਚੀੜ੍ਹ ਦੇ ਰੁੱਖ ਹੁਣ ਉੱਚੀਆਂ ਚੋਟੀਆਂ ਤੇ ਨਜ਼ਰੀਂ ਪੈਣ ਲੱਗੇ ਹਨ!

ਔਰਤ ਸੂਤਰਧਾਰ: ਸੁਣੇ ਸਨ ਅਸੀਂ ਉਹ ਨੁਕਤੇ ਵੀ ਕਰਦੇ ਸਨ ਸਪਸ਼ਟ ਜਿਹੜੇ ਕਿ ਕਿਵੇਂ ਇਨ੍ਹਾਂ ਬਨਸਪਤੀਆਂ ਦਾ ਵਿਸਥਾਪਨ ਨਿਭਾਉਂਦਾ ਹੈ ਭੂਮਿਕਾ ਸ਼ਾਕਾਹਾਰੀ ਜਨਵਰਾਂ ਦੇ ਇਨ੍ਹਾਂ ਸਥਾਨਾਂ ਤੋਂ ਪ੍ਰਵਾਸ ਕਰ ਜਾਣ ਵਿੱਚ!

ਮਰਦ ਸੂਤਰਧਾਰ : ਸੁਣਾਈ ਸੀ ਕਹਾਣੀ ਕਿ ਕਿਵੇਂ ਸ਼ਾਕਾਹਾਰੀਆਂ ਦੇ ਪ੍ਰਵਾਸ ਕਾਰਨ ਘਟ ਜਾਂਦਾ ਹੈ ਭੋਜਨ ਮਾਸਾਹਾਰੀਆਂ ਦਾ ਵੀ, ਜਿਹੜੇ ਨਿਰਭਰ ਨੇ ਇਨ੍ਹਾਂ ਸ਼ਾਕਾਹਾਰੀਆਂ ‘ਤੇ ਹੀ!

ਔਰਤ ਸੂਤਰਧਾਰ: ਹੋਈ ਸੀ ਗੱਲ ਕਿ ਇਸ ਤਰ੍ਹਾਂ ਇਹ ਮਾਸਾਹਾਰੀ ਵੀ ਮਰਨੇ ਸ਼ੁਰੂ ਹੋ ਜਾਂਦੇ ਨੇ ਜਾਂ ਫਿਰ ਜੰਗਲਾਂ ਤੋਂ ਆ ਜਾਂਦੇ ਨੇ ਬਾਹਰ ਅਤੇ ਕਰਦੇ ਨੇ ਰੁਖ ਮਨੁੱਖੀ ਬਸਤੀਆਂ ਵੱਲ ਅਤੇ ਸ਼ੁਰੂ ਹੋ ਜਾਂਦਾ ਹੈ ਮਨੁਖਾਂ ਤੇ ਇਨ੍ਹਾਂ ਮਾਸਾਹਾਰੀਆਂ ਦਾ ਆਪਸੀ ਦੰਗਲ!

ਮਰਦ ਸੂਤਰਧਾਰ: ਹੋਈ ਸੀ ਚਰਚਾ ਕਿ ਜਲਵਾਯੂ ਬਦਲਾਅ ਨਾਲ ਧਰਤੀ ਵਿੱਚ ਸਿਲ੍ਹ ਜਾਂਦੀ ਹੈ ਘਟ, ਗਰਮੀ ਨਾਲ ਸੋਕਾ ਹੋ ਜਾਂਦਾ ਹੈ, ਜਿਸ ਨਾਲ ਜ਼ਮੀਨ ਵਿਚਲੇ ਅਨੇਕਾਂ ਜੀਵ ਜੰਤੂ ਮਰ ਜਾਂਦੇ ਹਨ!

ਔਰਤ ਸੂਤਰਧਾਰ: ਸੁਣਾਈ ਸੀ ਕਹਾਣੀ ਕਿ ਕਿਵੇਂ ਮੌਸਮ ਦੇ ਬਦਲਾਅ ਕਾਰਨ ਕਈ ਹੋਰ ਜੀਵ ਜੰਤੂ ਜ਼ਿਆਦਾ ਵਧ ਵੀ ਜਾਂਦੇ ਹਨ ਅਤੇ ਵਿਗੜ ਜਾਂਦਾ ਹੈ ਸੰਤੁਲਨ ਜੰਗਲਾਂ ਦੇ ਪ੍ਰਸਥਿਤਿਕ ਤੰਤਰ ਦਾ!

ਮਰਦ ਸੂਤਰਧਾਰ: ਸੁਣ ਲਿਆ ਸੀ ਤੁਸੀਂ ਸੱਚ ਕਿ ਕਿਵੇਂ ਸੋਕਾ ਤੇ ਖੁਸ਼ਕੀ ਬਣਦੇ ਨੇ ਜੰਗਲਾਂ ਦੀ ਅੱਗ ਦਾ ਕਾਰਨ ਵੀ! ਮੱਚਦੀ ਹੈ ਤਬਾਹੀ ਬਨਸਪਤੀ ਤੇ ਜੀਵ ਜੰਤੂਆਂ ਦੀ!

ਔਰਤ ਸੂਤਰਧਾਰ: ਸੁਣਾਈ ਸੀ ਕਹਾਣੀ ਕਿ ਜਲਵਾਯੂ ਬਦਲਾਅ ਕਾਰਨ ਬਦਲਦੀਆਂ ਫਿਜ਼ਾਵਾਂ ਦੇ ਕਾਰਨ ਗਰਮੀ ਵਧ ਰਹੀ ਹੈ ਜਿਸ ਨਾਲ ਪ੍ਰਭਾਵਤ ਹੋ ਰਿਹਾ ਹੈ ਅੰਨ ਦਾ ਉਤਪਾਦਨ!

ਮਰਦ ਸੂਤਰਧਾਰ: ਸੁਣ ਲਿਆ ਸੀ ਕਿੱਸਾ ਕਿ ਕਿਵੇਂ ਇਹ ਬਦਲਾਅ ਪ੍ਰਭਾਵਤ ਕਰਦਾ ਹੈ ਹਿਮਾਚਲ ਦੇ ਸੇਬਾਂ ਦੀ ਫਸਲ ਨੂੰ ਵੀ! ਸਹੀ ਸਮੇਂ 'ਤੇ ਸਹੀ ਅਵਧੀ ਤੱਕ ਲੋੜੀਂਦੀ ਠੰਢ ਨਾ ਮਿਲਣ ਕਰਕੇ ਸੇਬ ਨੂੰ ਬੂਰ ਘਟ ਜਾਂਦਾ ਹੈ ਜਿਸ ਨਾਲ ਸੇਬ ਦਾ ਉਤਪਾਦਨ ਪ੍ਰਤੀ ਬੂਟਾ ਬਹੁਤ ਜਿਆਦਾ ਗਿਰ ਜਾਂਦਾ ਹੈ!

ਔਰਤ ਸੂਤਰਧਾਰ: ਇਹ ਵੀ ਤਾਂ ਹੋਈ ਸੀ ਗੱਲ ਕਿ ਭਾਰਤ ਦਾ ਪਿਛਲੇ ਦੋ ਦਹਾਕਿਆਂ ਦਾ ਤਾਪਮਾਨ ਦਰਸਾਉਂਦਾ ਹੈ ਕਿ ਇੱਥੇ ਵੀ ਗਰਮੀ ਲਗਾਤਾਰ ਸਾਲ ਦਰ ਸਾਲ ਵਧ ਰਹੀ ਹੈ !

ਮਰਦ ਸੂਤਰਧਾਰ : ਸੁਣ ਲਿਆ ਸੀ ਇਹ ਸੱਚ ਵੀ ਕਿ ਵਧਦੀ ਗਰਮੀ ਕਾਰਨ ਕੀਟ ਜਿਆਦਾ ਵਧਦੇ ਫੁਲਦੇ ਹਨ ਅਤੇ ਫਸਲਾਂ ਨੂੰ ਝੱਲਣਾ ਪੈਂਦਾ ਹੈ ਇਨ੍ਹਾਂ ਦਾ ਪ੍ਰਕੋਪ ਜਿਸ ਕਰਕੇ ਫਸਲਾਂ ਦਾ ਝਾੜ ਜਾਂਦਾ ਹੈ ਘਟ!

ਔਰਤ ਸੂਤਰਧਾਰ: ਸੁਣਾਈ ਸੀ ਕਹਾਣੀ ਕਿ ਜਿੱਥੇ ਇੱਕ ਪਾਸੇ ਕਣਕ ਦਾ ਝਾੜ ਘਟਣ ਨਾਲ ਅੰਨ ਦੀ ਥੁੜ੍ਹ ਪੈਦਾ ਹੋ ਜਾਂਦੀ ਹੈ ਉਥੇ ਦੂਜੇ ਪਾਸੇ ਜਖੀਰੇਬਾਜੀ ਕਾਰਨ, ਸੱਟਾ ਬਜ਼ਾਰ ਕਾਰਨ ਅਤੇ ਲੋਕਾਂ ਕੋਲ ਅੰਨ ਖ੍ਰੀਦਣ ਵਾਸਤੇ ਧਨ ਨਾ ਹੋਣ ਕਰਕੇ ਵੀ ਭੁੱਖਮਰੀ ਵਧ ਰਹੀ ਹੈ!

ਮਰਦ ਸੂਤਰਧਾਰ : ਸੁਣਾ ਦਿੱਤਾ ਸੀ ਕਿੱਸਾ ਕਿ ਕਿਵੇਂ ਝਾੜ ਘਟਣ ਨਾਲ ਤੇ ਫਸਲਾਂ ਦਾ ਮੁੱਲ ਸਹੀ ਨਾ ਮਿਲਣ ਕਾਰਨ ਮੰਦਹਾਲੀ ਛਾ ਜਾਂਦੀ ਹੈ ਕਿਸਾਨ ਅਤੇ ਖੇਤੀ ਮਜ਼ਦੂਰ ਉੱਪਰ ਅਤੇ ਕਿਵੇਂ ਇਸ ਘੁੰਮਣ ਘੇਰੀ ਵਿੱਚ ਫਸੇ ਭਾਰਤੀ ਕਿਸਾਨ ਮਜ਼ਦੂਰ ਪੈ ਗਏ ਨੇ ਖੁਦਕੁਸ਼ੀਆਂ ਦੇ ਰਾਹ!

ਔਰਤ ਸੂਤਰਧਾਰ: ਸੁਣ ਲਿਆ ਸੀ ਇਹ ਸੱਚ ਵੀ ਕਿ ਭਾਰਤ ਵਿੱਚ ਅਨਾਜ ਦੇ ਭੰਡਾਰ ਵਾਧੂ ਹੋਣ ਦੇ ਬਾਵਜੂਦ ਸੰਸਾਰ ਭੁੱਖਮਰੀ ਸੂਚਕ ਵਿੱਚ ਭਾਰਤ ਨੀਚੇ ਤਿਲਕਦਾ ਜਾ ਰਿਹਾ ਹੈ ਅਤੇ ਹੁਣ 2019 ਵਿੱਚ ਇਹ 117 ਮੁਲਕਾਂ ਵਿੱਚ 102ਵੇਂ ਨੰਬਰ 'ਤੇ ਆ ਗਿਆ ਹੈ!

ਮਰਦ ਸੂਤਰਧਾਰ : ਹੋਈ ਸੀ ਗੱਲ ਕਿ ਗਲੇਸ਼ੀਅਰਾਂ ਦੀ ਬਰਫ ਦੇ ਪਿਘਲਣ ਨਾਲ ਹੋ ਜਾਂਦੀਆਂ ਨੇ ਬਰਫਾਨੀ ਚੋਟੀਆਂ ਨੰਗੀਆਂ ਤੇ ਪਨਪ ਪੈਂਦੀ ਹੈ ਬਨਸਪਤੀ ਉਥੇ! ਫਸਲਾਂ ਹੋਣ ਕਾਰਨ ਵਕਤੀ ਤੌਰ 'ਤੇ ਖੁਸ਼ਹਾਲ ਹੋ ਜਾਂਦੇ ਨੇ ਕਿਸਾਨ!

ਔਰਤ ਸੂਤਰਧਾਰ: ਬਰਫ ਦੀ ਥਾਂ ਬਨਸਪਤੀ ਪਨਪਣ ਨਾਲ ਵਿਗੜ ਜਾਂਦਾ ਹੈ ਸਦੀਆਂ ਤੋਂ ਚੱਲਿਆ ਆ ਰਿਹਾ ਟਿਕਾਊ ਜੀਵਣ ਲੜੀ ਦਾ ਸੰਤੁਲਨ ਵੀ!

ਮਰਦ ਸੂਤਰਧਾਰ : ਸੁਣ ਲਿਆ ਸੀ ਅਸੀਂ ਕਿੱਸਾ ਇਹ ਵੀ ਕਿ ਕਿਵੇਂ ਪਿਘਲਦੇ ਗਲੇਸ਼ੀਅਰਾਂ ਕਾਰਨ ਚੜ੍ਹ ਜਾਂਦਾ ਹੈ ਸਮੁੰਦਰਾਂ ਦਾ ਜਲ ਪੱਧਰ ਵੀ ਅਤੇ ਕਰ ਦਿੰਦਾ ਹੈ ਤਬਾਹੀ ਸਮੁੰਦਰ ‘ਤੇ ਨਿਰਭਰ ਜਨ ਜੀਵਣ ਦੀ!

ਔਰਤ ਸੂਤਰਾਧਾਰ: ਹੋਈ ਸੀ ਗੱਲ ਕਿ ਪਾਣੀ ਦੇ ਇਸ ਚੜ੍ਹਾਅ ਨਾਲ ਕਿਵੇਂ ਜਲ ਮਗਨ ਹੋ ਜਾਂਦੇ ਨੇ ਬਹੁਤ ਸਾਰੇ ਸਾਡੇ ਟਾਪੂ ਅਤੇ ਕਿਵੇਂ ਉਜੜੇਗੀ ਤਟ ਵਰਤੀ ਖੇਤਰਾਂ ਵਿੱਚ ਵਸੀ ਭਾਰਤੀ ਲੁਕਾਈ ਵੱਡੇ ਪੱਧਰ ‘ਤੇ!

ਮਰਦ ਸੂਤਰਧਾਰ : ਮਾਹਰਾਂ ਦੇ ਵਿਚਾਰਾਂ ਅਤੇ ਤਰਕ ਵਿਤਰਕ ਨੇ ਕੱਢਿਆ ਸੀ ਸਿੱਟਾ ਕਿ ਸਾਗਰ ਦੇ ਜਲ-ਪੱਧਰ ਵਧਣ ਦੇ ਵੱਡੇ ਤਿੰਨ ਕਾਰਕਾਂ ਵਿੱਚ ਸੱਭ ਤੋਂ ਅਹਿਮ ਭੂਮਿਕਾ ਹੈ ਵਧਦੇ ਤਾਪਮਾਨ ਕਾਰਨ ਜਲ ਦੇ ਫੈਲਣ ਦੀ ਜਿਸ ਦਾ ਹਿੱਸਾ 42% ਹੈ!

ਔਰਤ ਸੂਤਰਧਾਰ: ਇਹ ਵੀ ਤਾਂ ਤੱਥ ਦਿੱਤਾ ਸੀ ਕਰ ਉਜਾਗਰ ਕਿ ਅਗਲਾ 21% ਹਿਸਾ ਹੈ ਗਲੇਸ਼ੀਅਰਾਂ ਦਾ ਪਿਘਲਣਾ ਜਦ ਕਿ ਗ੍ਰੀਨਲੈਂਡ ਦੀਆਂ ਬਰਫਾਨੀ ਚਾਦਰਾਂ ਤੇ ਐਂਟਾਰਟਿਕਾ ਦੀਆਂ ਬਰਫਾਨੀ ਚੋਟੀਆਂ ਕ੍ਰਮਵਾਰ ਪਾਉਂਦੀਆਂ ਨੇ 15% ਅਤੇ 18% ਯੋਗਦਾਨ ਇਸ ਪ੍ਰਕਿਰਿਆ ਦੇ ਵਿੱਚ!

ਮਰਦ ਸੂਤਰਧਾਰ: ਹੋਈ ਸੀ ਚਰਚਾ ਕਿ ਸਾਗਰਾਂ ਦੇ ਉੱਚੇ ਉੱਠਣ ਨਾਲ ਡੁੱਬੇ ਟਾਪੂਆਂ ਦੇ ਕੁਦਰਤੀ ਸੰਸਾਧਨਾਂ ਨੂੰ ਅਮੀਰ ਲੈਣਗੇ ਹੜੱਪ!

ਔਰਤ ਸੂਤਰਧਾਰ: ਸੁਣਾਈ ਸੀ ਕਹਾਣੀ ਕਿ ਕਿਵੇਂ ਤੱਟੀ ਲੋਕਾਂ ਦੀ ਗੁਜਰ-ਬਸਰ ਤੇ ਪੈ ਜਾਵੇਗਾ ਡਾਕਾ, ਬੰਦ ਹੋ ਜਾਣਗੇ ਉਨ੍ਹਾਂ ਦੇ ਧੰਦੇ, ਬੰਜਰ ਹੋ ਜਾਵੇਗੀ ਜ਼ਮੀਨ!

ਮਰਦ ਸੂਤਰਧਾਰ: ਸੁਣ ਲਿਆ ਸੀ ਤੁਸੀਂ ਸੱਚ ਕਿ ਕਿਵੇਂ ਪ੍ਰਭਾਵਤ ਹੋਵੇਗਾ ਇਸ ਨਾਲ ਸਾਡੇ ਆਰਥਚਾਰੇ ਦਾ ਤਾਣਾ ਬਾਣਾ, ਵੱਡੀ ਮਾਰ ਪਏਗੀ ਗਰੀਬਾਂ ‘ਤੇ ਜਿਸ ਕਰਕੇ ਮਨੁੱਖ ਦੁਆਰਾ ਨਿਰਮਿਤ ਇਸ ਆਫਤ ਦੇ ਮੁਕਾਬਲੇ ਵਾਸਤੇ ਸਥਾਨਕ ਲੋਕਾਂ ਦੀ ਸ਼ਮੂਲੀਅਤ, ਸਹਿਯੋਗ ਤੇ ਵਿਚਾਰ ਵਟਾਂਦਰਾ ਜਰੂਰੀ ਹੈ!

ਔਰਤ ਸੂਤਰਾਧਾਰ: ਹੋਈ ਸੀ ਗੱਲ ਕਿ ਕਿਵੇਂ ਇਸ ਵਧਦੇ ਸਮੁੰਦਰ ਦੇ ਕਾਰਨ ਬਦਲ ਜਾਂਦਾ ਹੈ ਸਮੁੰਦਰਾਂ ਦਾ ਖਾਰਾਪਣ ਅਤੇ ਤੇਜ਼ਾਬੀਪਣ ਵੀ, ਜੋ ਮਚਾਉਂਦਾ ਹੈ ਤਬਾਹੀ ਜਲੀ ਜੀਵਣ ਦੀ!

ਮਰਦ ਸੂਤਰਧਾਰ : ਹਾਂ! ‘ਮੱਛੀ ਫੜਨ ‘ਤੇ ਪ੍ਰਭਾਵ - ਉਪਜੀਵਕਾ ਸਮੱਸਿਆਵਾਂ ਤੇ ਉਜਾੜਾ...’ ਵਿੱਚ ਸੁਣਾਈ ਸੀ ਅਸੀਂ ਕਹਾਣੀ ਸਮੁੰਦਰਾਂ ਦੇ ਵਧਦੇ ਜਲ ਪੱਧਰ ਕਾਰਨ, ਮੱਛੀ ਪਾਲਣ ਤੇ ਪਕੜਨ ਦੇ ਧੰਦੇ ਨੂੰ ਹੋ ਰਹੇ ਨੁਕਸਾਨ ਦੀ! ਹੋ ਰਿਹਾ ਹੈ ਜੋ ਵਧਦੇ ਤਾਪਮਾਨ ਦੇ ਜ਼ਰੀਏ ਵਧ ਰਹੇ ਖਾਰੇਪਨ ਦੇ ਕਾਰਨ!

ਔਰਤ ਸੂਤਰਧਾਰ: ਹਾਂ ਜੀ! ਹੋਈ ਸੀ ਚਰਚਾ ਕਿ ਮੱਛੀਆਂ ਠੰਢੇ ਖੂਨ ਵਾਲੇ ਜੀਵ ਹਨ ਯਾਣੀ ਇਨ੍ਹਾਂ ਦੇ ਸਰੀਰ ਦਾ ਤਾਪਮਾਨ ਬਾਹਰੀ ਤਾਪਮਾਨ ਦੇ ਮੁਤਾਬਕ ਬਦਲਦਾ ਰਹਿੰਦਾ ਹੈ! ਜਲਵਾਯੂ ਬਦਲਾਅ ਦੇ ਕਾਰਨ ਸਮੁੰਦਰਾਂ ਦਾ ਪਾਣੀ ਗਰਮ ਹੋ ਰਿਹਾ ਹੈ ਜਿਸ ਕਰਕੇ ਮੱਛੀਆਂ ਇਸ ਗਰਮਾਇਸ਼ ਨੂੰ ਝੱਲ ਨਹੀਂ ਸਕਦੀਆਂ ਤੇ ਵੱਡੇ ਪੱਧਰ ਤੇ ਮੱਛੀਆਂ ਮਰ ਜਾਂਦੀਆਂ ਹਨ!

ਮਰਦ ਸੂਤਰਧਾਰ : ਇਹ ਵਰਤਾਰਾ ਤਾਂ ਪੰਜਾਬ ਦੇ ਲੋਕੀ ਪਿੰਡਾਂ ਦੇ ਟੋਭਿਆਂ ਵਿੱਚ ਮਈ-ਜੂਨ ਦੇ ਮਹੀਨੇ ਮਰੀਆਂ ਹੋਈਆਂ ਮੱਛੀਆਂ ਨੂੰ ਵੇਖ ਕੇ ਸਹਿਬਨ ਹੀ ਸਮਝ ਸਕਦੇ ਹਨ ਅਤੇ ਤਪਸ਼ ਕਾਰਨ ਮੱਛੀ ਉਦਯੋਗ ਨੂੰ ਹੋ ਰਹੇ ਨੁਕਸਾਨ ਦਾ ਅੰਦਾਜ਼ਾ ਲਗਾ ਸਕਦੇ ਹਨ!

ਔਰਤ ਸੂਤਰਧਾਰ: ਗੱਲ ਹੋਈ ਸੀ ਕਿ ਵਧਦੀ ਤਪਸ਼ ਕਾਰਨ ਸਮੁੰਦਰਾਂ ਦੇ ਵਧਦੇ ਤੇਜ਼ਾਬੀਪਣ ਨੂੰ ਮੱਛੀਆਂ ਬਰਦਾਸ਼ਤ ਨਹੀਂ ਕਰ ਸਕਦੀਆਂ। ਇਸ ਕਰਕੇ ਉਹ ਘੱਟ ਤੇਜ਼ਾਬੀਪਣ ਵਾਲੇ ਖੇਤਰਾਂ ਨੂੰ ਪ੍ਰਵਾਸ ਕਰ ਜਾਂਦੀਆਂ ਹਨ ਜਾਂ ਮਰ ਜਾਂਦੀਆਂ ਹਨ ਜਿਸ ਕਾਰਨ ਮੱਛੀ ਉਦਯੋਗ ਦਮ ਤੋੜ ਰਿਹਾ ਹੈ!

ਮਰਦ ਸੂਤਰਧਾਰ : ਗੱਲ ਕੀਤੀ ਸੀ ਕਿ ਸਮੁੰਦਰਾਂ ਦਾ ਚੜ੍ਹਦਾ ਜਲ-ਪੱਧਰ ਕਰਦਾ ਹੈ ਮਛੇਰਿਆਂ ਦਾ ਉਜਾੜਾ ਤੇ ਵਿਕ ਜਾਂਦੀਆਂ ਨੇ ਉਨ੍ਹਾਂ ਦੀਆਂ ਮੱਛੀ ਪਕੜਣ ਦੀਆਂ ਬੇੜੀਆਂ ਤੇ ਜਾਲ ਵੀ!

ਔਰਤ ਸੂਤਰਧਾਰ: ਸੁਣਿਆ ਸੀ ਇਹ ਸੱਚ ਵੀ ਕਿ ਇਨ੍ਹਾਂ ਦਿੱਕਤਾਂ ਕਾਰਨ ਹੀ ਤਾਂ ਤੱਟ ਵਰਤੀ ਪਿੰਡਾਂ ਦੇ ਲੋਕ ਦੇ ਰਹੇ ਨੇ ਤਿਲਾਂਜਲੀ ਮੱਛੀ ਪਕੜਣ ਦੇ ਧੰਦੇ ਨੂੰ!

ਮਰਦ ਸੂਤਰਧਾਰ : ਸੁਣਾਈ ਸੀ ਦਾਸਤਾਨ ਤੱਟ ਵਰਤੀ ਖੇਤਰ ਦੇ ਖੇਤੀ ਦੇ ਉਜਾੜੇ ਦੀ ਕਿ ਕਿਵੇਂ ਵਿਕਾਸ ਦੇ ਨਵੇਂ ਮਾਡਲ ਕਾਰਨ ਖੇਤੀ ਵਾਲੀਆਂ ਜ਼ਮੀਨਾਂ ਵਿੱਚ ਝੋਨੇ ਦੀ ਖੇਤੀ ਦੀ ਥਾਂ ਜਾਂ ਨਾਰੀਅਲ ਦੇ ਰੁਖਾਂ ਦੀ ਥਾਂ 'ਤੇ ਬਣ ਗਏ ਸਨ ਝੀਂਗਾ ਮੱਛੀ ਪਾਲਣ ਦੇ ਮੱਛੀ ਫਾਰਮ!

ਔਰਤ ਸੂਤਰਧਾਰ: ਸੁਣਿਆ ਸੀ ਇਹ ਸੱਚ ਵੀ ਕਿ ਇਸ ਆਧੁਨਿਕ ਵਿਕਾਸ ਮਾਡਲ ਵਿੱਚ ਖੁੱਸ ਗਈ ਹੈ ਜ਼ਮੀਨ ਕਿਸਾਨਾਂ ਦੇ ਹੱਥੋਂ ਤੇ ਮੁੱਕ ਚੱਲਿਆ ਹੈ ਰੁਜ਼ਗਾਰ ਮਛੇਰਿਆਂ ਦਾ! ਕਿਉਂ ਜੋ ਜ਼ਮੀਨਾਂ ਤਾਂ ਚਲੀਆਂ ਗਈਆਂ ਧਨਾਡਾਂ ਦੇ ਕੋਲ ਬੈ, ਗਹਿਣੇ ਜਾਂ ਪਟੇ 'ਤੇ!

ਮਰਦ ਸੂਤਰਧਾਰ : ਹੋਈ ਸੀ ਚਰਚਾ ਇਸ ਹਕੀਕਤ 'ਤੇ ਵੀ ਕਿ ਨਵੇਂ ਤਕਨੀਕੀ ਵਿਕਾਸ ਨੇ ਪੁਰਾਤਨ ਸੰਦਾਂ ਤੇ ਪੁਰਾਤਨ ਤਕਨੀਕ ਵਾਲੇ ਮੱਛੀ ਪਾਲਣ ਧੰਦੇ ਨੂੰ ਬਣਾ ਦਿੱਤਾ ਹੈ ਘਾਟੇ ਵਾਲਾ ਸੌਦਾ!

ਔਰਤ ਸੂਤਰਧਾਰ: ਆਹੋ ਜੀ! ਸੁਣਾਈ ਸੀ ਕਹਾਣੀ ਕਿ ਨਮਕ ਲਗਾਉਣਾ, ਧੂੰਆ ਦੇਣਾ, ਧੁੱਪ 'ਚ ਸੁਕਾਉਣਾ ਆਦਿ ਵਰਗੇ ਮੱਛੀ ਸੁਰੱਖਿਅਣ ਦੇ ਰਵਾਇਤੀ ਤਰੀਕੇ ਘੱਟਾ ਦਿੰਦੇ ਨੇ ਮੱਛੀ ਦੀ ਗੁਣਵਤਾ, ਬਦਲ ਜਾਂਦਾ ਹੈ ਉਨ੍ਹਾਂ ਦਾ ਰੰਗ, ਲੱਗ ਜਾਂਦੀ ਹੈ ਉਲੀ, ਆ ਜਾਂਦੇ ਨੇ ਉਨ੍ਹਾਂ ਉਪਰ ਕੀਟ ਅਤੇ ਹੋ ਜਾਂਦੀਆਂ ਨੇ

ਇਨਫੈਕਟਿਡ ਯਾਣੀ ਸੰਕਰਮਣਕ! ਵਾਪਰ ਜਾਂਦੇ ਨੇ ਕਈ ਹੋਰ ਇਸੇ ਤਰ੍ਹਾਂ ਦੇ ਵਰਤਾਰੇ ਜਿਹੜੇ ਘਟਾ ਦਿੰਦੇ ਨੇ ਗੁਣਵੱਤਾ!

ਮਰਦ ਸੂਤਰਧਾਰ: ਮੱਛੀ ਉਦਯੋਗ ਨੂੰ ਨੁਕਸਾਨ ਹੋਣ ਨਾਲ ਗਰੀਬ ਮਛੇਰਿਆਂ ਦੇ ਪਰਿਵਾਰਾਂ ਕੋਲੋਂ ਭੋਜਨ ਵਾਸਤੇ ਵੀ ਮੱਛੀਆਂ ਜਾਂਦੀਆਂ ਨੇ ਖੁੱਸ, ਮੱਛੀ ਪਾਲਣ ਧੰਦੇ 'ਤੇ ਵੱਜੀ ਸੱਟ ਨਾਲ ਹੁੰਦਾ ਹੈ ਬੇਹਿਸਾਬਾ ਨੁਕਸਾਨ ਸਾਡੇ ਅਰਥਚਾਰੇ ਤੇ ਸਮਾਜਕ ਤਾਣੇ ਬਾਣੇ ਦਾ ਵੀ, ਮੱਛੀ ਉਦਯੋਗ ਤੋਂ ਮਿਲਦਾ ਮਾਲੀਆ ਵੀ ਘਟ ਜਾਂਦਾ ਹੈ!

ਔਰਤ ਸੂਤਰਧਾਰ: ਮੱਛੀ ਦੀ ਗੁਣਵੱਤਾ ਤੇ ਉਤਪਾਦਨ ਘਟਣ ਕਰਕੇ ਮੱਛੀ ਦੀ ਬਰਾਮਦ ਵੀ ਘਟ ਜਾਂਦੀ ਹੈ ਤੇ ਬਦੇਸੀ ਮੁਦਰਾ ਨੂੰ ਹੋਏ ਨੁਕਸਾਨ ਕਾਰਨ ਭੁਗਤਾਨ ਸੰਤੁਲਨ ਵੀ ਵਿਗੜ ਜਾਂਦਾ ਹੈ!

ਮਰਦ ਸੂਤਰਧਾਰ : ਹੋਈ ਸੀ ਗੱਲ ਕਿ ਕਿਵੇਂ ਸੰਸਦੀ ਕਮੇਟੀ ਨੇ ਇਸ ਧੰਦੇ ਨੂੰ ਬਚਾਉਣ ਤੇ ਗੁਜ਼ਾਰੇ ਲਾਇਕ ਬਨਾਉਣ ਵਾਸਤੇ ਸਿਫਾਰਸ਼ ਕੀਤੀ ਹੈ ਕਿ ਮੱਛੀ-ਪਾਲਣ ਨੂੰ ਖੇਤੀ ਵਾਲੀ ਮਾਨਤਾ ਮਿਲੇ, ਮਛੇਰਿਆਂ ਨੂੰ ਸਿਖਲਾਈ ਦਿੱਤੀ ਜਾਵੇ, ਰੁਜਗਾਰ ਸੁਰੱਖਿਆ ਲਈ ਉਨ੍ਹਾਂ ਦੇ ਖੇਤਰਾਂ ਵਿੱਚੋਂ ਕੰਪਨੀਆਂ ਵੱਲੋਂ ਮੱਛੀ ਪਕੜੇ ਜਾਣ 'ਤੇ ਰੋਕ ਲਗਾਈ ਜਾਵੇ! ਮਛੇਰੇ ਪਰਿਵਾਰਾਂ ਨੂੰ ਸਿਹਤ ਸਹੂਲਤਾਂ ਦਿੱਤੀਆਂ ਜਾਣ ਅਤੇ ਜ਼ੋਖਮ ਬੀਮਾ ਕੀਤਾ ਜਾਵੇ!

ਔਰਤ ਸੂਤਰਧਾਰ: 'ਜਲਵਾਯੂ ਬਦਲਾਅ ਤੇ ਆਲਮੀ ਤਪਸ਼ ਦਾ ਭੂਮੀ ਦੇ ਖਾਰੇਪਣ ਅਤੇ ਖੇਤੀਬਾੜੀ 'ਤੇ ਪ੍ਰਭਾਵ...' ਵਿੱਚ ਸੁਣਾਈ ਸੀ ਕਹਾਣੀ ਵਧਦੇ ਤਾਪਮਾਨ ਕਾਰਨ ਭੂਮੀ ਦੇ ਖਾਰੇਪਣ ਦੀ ਅਤੇ ਖੇਤੀ 'ਤੇ ਪੈਂਦੇ ਉਸ ਦੇ ਪ੍ਰਭਾਵਾਂ ਦੀ! ਤੱਟ ਵਰਤੀ ਇਲਾਕਿਆਂ ਵਿੱਚ ਪਾਣੀ ਤੇ ਭੋਜਨ ਉਪਲਬਧੀ ਉੱਪਰ ਪੈਂਦੇ ਮਾੜੇ ਪ੍ਰਭਾਵਾਂ ਦੀ।

ਮਰਦ ਸੂਤਰਧਾਰ : ਚਰਚਾ ਸੀ ਭੂਮੀ ਦੇ ਖਾਰੇਪਣ ਅਤੇ ਨਾਜ਼ੁਕਤਾ ਉੱਤੇ ਜਲਵਾਯੂ-ਬਦਲਾਅ ਕਾਰਨ ਪੈਣ ਵਾਲੇ ਪ੍ਰਭਾਵਾਂ ਅਤੇ ਬਚਾਅ-ਉਪਾਵਾਂ ਸਬੰਧੀ ਵਿਗਿਆਨਿਕ ਦ੍ਰਿਸ਼ਟੀਕੋਣ ਦੀ, ਇਸ ਖਾਰੇਪਨ ਵੱਲੋਂ ਭੋਜਨ ਸੁਰੱਖਿਆ ਦੇ ਮੁੱਦਿਆਂ ਨੂੰ ਪ੍ਰਭਾਵਿਤ ਕਰਨ ਦੀ ਸਮਰਥਾ ਦੀ!

ਔਰਤ ਸੂਤਰਧਾਰ: ਸੁਣੀ ਸੀ ਹਕੀਕਤ ਕਿ ਜਲਵਾਯੂ ਬਦਲਾਅ ਕਰ ਰਿਹਾ ਹੈ ਪ੍ਰਭਾਵਤ ਸਾਡੀ ਜ਼ਮੀਨ ਦੀ ਸਿਹਤ ਨੂੰ, ਪੈਦਾ ਕਰ ਰਿਹਾ ਹੈ ਖਾਰਾਪਣ, ਖਾਰਾ-ਸੋਡਾਪਣ ਤੇ ਤੇਜ਼ਾਬੀਪਣ ਵੀ! ਸੁਣਾ ਦਿੱਤਾ ਸੀ ਕਿੱਸਾ ਇਨ੍ਹਾਂ ਬਦਲਾਵਾਂ ਪਿਛੇ ਕੰਮ ਕਰਦੀ ਵਿਗਿਆਨ ਦਾ ਅਤੇ ਵਿਗਿਆਨਿਕ ਸਿਧਾਂਤਾਂ ਦਾ ਵੀ!

ਮਰਦ ਸੂਤਰਧਾਰ : ਸਰਕਾਰੀ ਅਧਿਕਾਰੀਆਂ, ਮਾਹਰਾਂ ਅਤੇ ਕਿਸਾਨਾਂ-ਮਜਦੂਰਾਂ ਦੇ ਆਪਸੀ ਵਾਰਤਾਲਾਪ ਰਾਹੀਂ ਕੀਤੀ ਸੀ ਚਰਚਾ ਇਨ੍ਹਾਂ ਬਦਲਾਵਾਂ ਦੇ ਮੁੱਖ ਕਾਰਨਾਂ ਅਤੇ ਕਾਰਕਾਂ ਦੀ! ਇਨ੍ਹਾਂ ਤੋਂ ਬਚਾਓ ਦੀ, ਉਪਚਾਰ ਵਾਸਤੇ ਕੀਤੇ ਜਾਣ ਵਾਲੇ ਉਪਾਵਾਂ ਦੀ ਤੇ ਉਨ੍ਹਾਂ ਦੇ ਵਿਗਿਆਨਕ ਆਧਾਰ ਦੀ!

ਔਰਤ ਸੂਤਰਧਾਰ: ਸੁਣੇ ਸਨ ਅਸੀਂ ਉਹ ਨੁਕਤੇ ਵੀ ਕਿ ਕਿਵੇਂ ਸਮੁੰਦਰ ਦਾ ਵਧਦਾ ਜਲ ਪੱਧਰ ਕਰਦਾ ਹੈ ਨੁਕਸਾਨ ਸਾਡੀ ਜ਼ਮੀਨ ਦੀ ਸਿਹਤ ਦਾ! ਸਮੁੰਦਰੀ ਜਲ ਦਾ ਵਧਦਾ ਖਾਰਾਪਣ ਵਧਾ ਦਿੰਦਾ ਹੈ ਜ਼ਮੀਨ ਦਾ ਖਾਰਾਪਣ ਵੀ! ਇਸ ਖਾਰੇਪਣ ਦਾ ਪੈਂਦਾ ਹੈ ਡੂੰਘਾ ਪ੍ਰਭਾਵ ਤੱਟ ਵਰਤੀ ਇਲਾਕਿਆਂ ਵਿੱਚ ਪੇਅ ਜਲ, ਭੋਜਨ ਉਪਲਬਧੀ ਅਤੇ ਭੋਜਨ ਸੁਰੱਖਿਆ ਦੇ ਉਪਰ ਵੀ!

ਮਰਦ ਸੂਤਰਧਾਰ : ਸੁਣਾਈ ਸੀ ਕਹਾਣੀ ਕਿ ਕਿਵੇਂ ਭੂਮੀ ਦੀ ਤਾਸੀਰ ਬਦਲਣ ਦਾ ਪਵੇਗਾ ਅਸਰ ਸਾਡੇ ਖੇਤੀ ਦੇ ਉਤਪਾਦਨ ‘ਤੇ ਅਤੇ ਕਿੰਨੇ ਭਿਆਨਕ ਹੋਣਗੇ ਸਿੱਟੇ ਉਸ ਪ੍ਰਭਾਵ ਦੇ, ਸਾਡੇ ਮੁਲਕ ਦੇ ਅਵਾਮ ਦੇ ਵਾਸਤੇ!

ਔਰਤ ਸੂਤਰਧਾਰ: ਸੁਣਾਈ ਸੀ ਕਹਾਣੀ ਕਿ ਬੇਸ਼ੱਕ ਰਾਈ ਤੇ ਗੋਭੀ ਵਰਗੀਆਂ ਫਸਲਾਂ ਤਾਂ ਉੱਗ ਪੈਂਦੀਆਂ ਨੇ ਦਰਮਿਆਨੀ ਖਾਰੀ ਭੂਮੀ ਵਿੱਚ ਵੀ ...... ਹੋਰ ਕਈ ਪ੍ਰਕਾਰ ਦੀਆਂ ਅੰਨ ਦੀਆਂ ਫਸਲਾਂ ਨੂੰ ਉਗਾਉਣ ਦੇ ਕਾਬਲ ਨਹੀਂ ਰਹਿੰਦੀ ਇਹ ਖਾਰੀ ਭੂਮੀ!

ਮਰਦ ਸੂਤਰਧਾਰ : ਸੁਣਾਇਆ ਸੀ ਵਿਗਿਆਨਿਕ ਨਿਯਮ ਵੀ ਕਿ ਹਵਾ ਦੀ ਕਾਰਬਨ ਡਾਈਆਕਸਾਈਡ ਨੂੰ ਵਰਤਦੇ ਨੇ ਪੌਦੇ ਭੋਜਨ ਬਣਾਉਣ ਦੇ ਲਈ ਪਰ ਇੱਕ ਹੱਦ ਤੋਂ ਵੱਧ ਹੋਣ ‘ਤੇ ਇਹੀ ਕਾਰਬਨ ਡਾਈਅਕਸਾਈਡ ਦਿੰਦੀ ਹੈ ਆਲਮੀ ਤਪਸ਼ ਨੂੰ ਜਨਮ ਅਤੇ ਬਣ ਜਾਂਦੀ ਹੈ ਸਰਾਪ ਉਨ੍ਹਾਂ ਦੇ ਲਈ!

ਔਰਤ ਸੂਤਰਧਾਰ: ਸੁਣਾਈ ਸੀ ਕਹਾਣੀ ਕਿ ਪੌਦੇ ਹਵਾ ਵਿੱਚ ਪਈ ਬੇਅੰਤ ਨਾਈਟਰੋਜਨ ਸਿੱਧਮ-ਸਿੱਧੇ ਨਹੀਂ ਲੈ ਸਕਦੇ ਪਰ ਫਲੀਦਾਰ ਫਸਲਾਂ ਜਿਵੇਂ ਚਨੇ ਅਤੇ ਦਾਲਾਂ ਆਦਿ ਦੇ ਬੂਟਿਆਂ ਦੀਆਂ ਜੜ੍ਹਾਂ ਦੀਆਂ ਗੰਢਾਂ ਵਿੱਚ ਰਹਿੰਦੇ ਸੂਖਮ ਜੀਵੀ (ਨਾਈਟਰੋਜਨ ਫਿਕਸਿੰਗ ਬੈਕਟੀਰੀਆ) ਹਵਾ ਦੀ ਨਾਈਟਰੋਜਨ ਨੂੰ ਪੌਦਿਆਂ ਦੇ ਵਰਤਣਯੋਗ ਬਣਾ ਦਿੰਦੇ ਹਨ!

ਮਰਦ ਸੂਤਰਧਾਰ : ਸੁਣੀ ਸੀ ਹਕੀਕਤ ਕਿ ਮਿੱਟੀ ਵਿਚਲੇ ਜੈਵਿਕ ਤੇ ਨਿਰਜੀਵ ਪਦਾਰਥਾਂ ਦੀ ਮਾਤਰਾ ਦਾ ਪਤਾ ਲੱਗ ਸਕਦਾ ਹੈ ਪ੍ਰਯੋਗਸ਼ਾਲਾ ਵਿੱਚ ਮਿੱਟੀ ਦੇ ਨਮੂਨਿਆਂ ਦੀ ਜਾਂਚ ਕਰਵਾ ਕੇ! ਜਾਂਚ ਦੇ ਆਧਾਰ ‘ਤੇ ਮਿੱਟੀ ਦੇ ਖਾਰੇਪਨ ਨੂੰ ਘਟਾਇਆ ਜਾ ਸਕਦਾ ਹੈ ਰੇਤ ਮਿਲਾ ਕੇ, ਜਿਪਸਮ ਪਾ ਕੇ, ਲਵਣਾਂ ਨੂੰ ਨੀਚੇ ਭੇਜਣ ਵਾਸਤੇ ਜ਼ਮੀਨ ਵਿੱਚ ਪਾਣੀ ਖੜ੍ਹਾ ਕੇ!

ਔਰਤ ਸੂਤਰਧਾਰ: 'ਜਲ ਚੱਕਰ ਅਤੇ ਮੌਨਸੂਨ ਦਾ ਬਦਲਦਾ ਸਰੂਪ' ਵਿੱਚ ਸੁਣਾਈ ਸੀ ਕਹਾਣੀ ਉਨ੍ਹਾਂ ਪ੍ਰਭਾਵਾਂ ਦੀ, ਪੈਂਦੇ ਨੇ ਜਿਹੜੇ ਜਲਵਾਯੂ ਬਦਲਾਅ ਦੇ ਸਾਡੀਆਂ ਮੌਨਸੂਨ ਪੌਣਾਂ ਦੇ ਉਪਰ! ਸੁਣਾ ਦਿੱਤਾ ਸੀ ਵਿਗਿਆਨ ਕਿ ਕਿਵੇਂ ਇਸ ਜਲਵਾਯੂ ਬਦਲਾਅ ਦੇ ਨਾਲ ਬਦਲ ਰਿਹਾ ਹੈ ਸਾਡਾ ਮਾਨਸੂਨ ਦਾ ਸਮਾਂ ਤੇ ਚੱਕਰ!

ਮਰਦ ਸੂਤਰਧਾਰ : ਮਾਹਰਾਂ ਵੱਲੋਂ ਦਿੱਤੇ ਵਿਗਿਆਨਕ ਤੱਥਾਂ, ਵਿਗਿਆਨਕ ਨਿਯਮਾਂ, ਦਲੀਲਾਂ ਅਤੇ ਵਿਚਾਰਾਂ ਅਨੁਸਾਰ ਅਸੀਂ ਕੱਢਿਆ ਸੀ ਸਿੱਟਾ ਕਿ ਮੌਨਸੂਨ ਦੇ ਬਦਲਾਅ ਕਾਰਨ ਬਦਲ ਰਿਹਾ ਹੈ ਸਾਡਾ ਵਰਖਾ ਦਾ ਚੱਕਰ ਵੀ! ਇਸੇ ਦੀ ਬਦੌਲਤ ਵਰਤਮਾਨ ਸਮਿਆਂ ਵਿੱਚ ਵਰਖਾ ਹੁੰਦੀ ਹੈ ਬਹੁਤ ਤੇਜ਼ ਅਤੇ ਅਲਪ ਕਾਲ ਵਿੱਚ ਹੀ ਬਰਸ ਜਾਂਦਾ ਹੈ ਸਾਰਾ ਪਾਣੀ!

ਔਰਤ ਸੂਤਰਧਾਰ: ਗੱਲ ਹੋਈ ਸੀ ਉਨ੍ਹਾਂ ਵਿਗਿਆਨਕ ਨਿਯਮਾਂ ਤੇ ਸਿਧਾਂਤਾਂ ਦੀ, ਕਰਦੇ ਨੇ ਜੋ ਕੰਮ ਇਸ ਵਰਤਾਰੇ ਦੇ ਪਿੱਛੇ, ਜਿਸ ਕਰਕੇ ਸਾਡੇ ਵੱਲੋਂ ਅਨੁਭਵ ਕੀਤਾ ਜਾ ਰਿਹਾ ਇਹ ਵਿਸ਼ਵ ਵਿਆਪੀ ਵਰਤਾਰਾ ਪ੍ਰਭਾਵਤ ਕੀਤਾ ਜਾ ਰਿਹਾ ਹੈ ਆਲਮੀ ਤਪਸ਼ ਵੱਲੋਂ!

ਮਰਦ ਸੂਤਰਧਾਰ : ਸੁਣਾਈ ਸੀ ਕਹਾਣੀ ਕਿ ਵਰਖਾ ਚੱਕਰ ਨਿਰਭਰ ਹੈ ਜਲਵਾਯੂ ਦੇ ਉਪਰ ਅਤੇ ਵਰਖਾ ਦੇ ਮਿਜਾਜ਼ 'ਤੇ ਨਿਰਭਰ ਹੈ ਸਾਡੀ ਸਾਡੀ ਖੇਤੀ ਅਤੇ ਇਸ ਦਾ ਉਤਪਾਦਨ! ਵਰਖਾ ਤੇ ਖੇਤੀ ਦਾ ਉਸੇ ਤਰ੍ਹਾਂ ਗੂੜ੍ਹਾ ਸਬੰਧ ਹੈ ਜਿਵੇਂ ਹੈ ਜਲਵਾਯੂ ਤੇ ਖੇਤੀ ਦਾ!

ਔਰਤ ਸੂਤਰਧਾਰ: ਸੁਣਾਈ ਸੀ ਗਾਥਾ ਕਿ ਮਾਨਸੂਨ ਦਾ ਬਦਲਾਅ ਅਤੇ ਵਰਖਾ ਦਾ ਬਦਲਾਅ ਸਾਡੀਆਂ ਫਸਲਾਂ ਦੇ ਚੱਕਰ ਨੂੰ ਵੀ ਬਦਲ ਦਿੰਦਾ ਹੈ! ਦੱਸ ਦਿੱਤਾ ਸੀ ਵਿਸਥਾਰ ਉਨ੍ਹਾਂ ਵਿਗਿਆਨਿਕ ਨਿਯਮਾਂ ਦਾ ਵੀ ਜਿਨ੍ਹਾਂ ਦੀ ਬਦੌਲਤ ਜਲ ਚੱਕਰ ਦੇ ਬਦਲਾਅ ਕਾਰਨ ਪ੍ਰਭਾਵਤ ਹੋ ਜਾਂਦੀ ਹੈ ਅੰਨ ਦੀ ਪੈਦਾਵਾਰ ਅਤੇ ਘਟ ਵਧ ਜਾਂਦਾ ਹੈ ਫਸਲਾਂ ਦਾ ਝਾੜ ਵੀ!

ਔਰਤ ਸੂਤਰਧਾਰ: ਸੁਣਾਈ ਸੀ ਕਹਾਣੀ ਕਿ ਕਿਵੇਂ ਜੁੜੀ ਹੈ ਸਾਡੀ ਅਰਥ ਵਿਵਸਥਾ ਵੀ ਜਲ ਚੱਕਰ ਵਿਚ ਹੋ ਰਹੇ ਬਦਲਾਅ ਦੇ ਨਾਲ! ਫਸਲਾਂ ਦੇ ਝਾੜ ਦਾ ਹੇਰ-ਫੇਰ ਤਾਂ ਸਿੱਧਾ ਹੀ ਜੁੜਿਆ ਹੈ ਸਾਡੀ ਭੋਜਨ ਸੁਰੱਖਿਆ ਨਾਲ ਵੀ ਅਤੇ ਸਾਡੀ ਪ੍ਰਭੂਸੱਤਾ ਨਾਲ ਵੀ!

ਮਰਦ ਸੂਤਰਧਾਰ : ਹੋਈ ਸੀ ਗੱਲ ਕਿ ਇਨ੍ਹਾਂ ਬਦਲਾਵਾਂ ਨੂੰ ਰੋਕਣ ਲਈ ਅਤੇ ਇਨ੍ਹਾਂ ਕਾਰਨ ਪੈਦਾ ਹੁੰਦੀਆਂ ਤਕਲੀਫਾਂ ਨੂੰ ਦੂਰ ਕਰਨ ਲਈ ਬਹੁਤ ਸਾਰੇ ਸਾਧ-ਸੰਤ ਪਾ ਦਿੰਦੇ ਨੇ ਸਾਡੇ ਲੋਕਾਂ ਨੂੰ ਵਹਿਮਾਂ ਭਰਮਾਂ ਦੇ ਗੇੜ ਵਿੱਚ, ਟੂਣੇ ਟਾਮਣਾਂ ਦੇ ਗੇੜ ਵਿੱਚ! ਜਦ ਕਿ ਹਕੀਕਤ ਵਿੱਚ ਲੋੜ ਹੈ ਇਸ ਵਰਤਾਰੇ ਦੇ ਜ਼ਿੰਮੇਵਾਰ ਕਾਰਕਾਂ

ਨੂੰ, ਆਲਮੀ ਤਪਸ਼ ਨੂੰ ਤੇ ਉਸਦੇ ਪਿੱਛੇ ਕੰਮ ਕਰਦੀ ਵਿਗਿਆਨ ਨੂੰ ਸਮਝ ਕੇ ਕਾਰਬਨ ਉਤਸਰਜਨ ਨੂੰ ਘਟਾਉਣ ਦੀ!

ਔਰਤ ਸੂਤਰਧਾਰ: 'ਜਲਵਾਯੂ ਪਰਿਵਰਤਨ - ਪਏ ਖਾਣ ਦੇ ਲਾਲੇ' ਵਿੱਚ ਸੁਣਾਈ ਸੀ ਕਹਾਣੀ ਕਿ ਅੰਨ, ਸਬਜੀਆਂ ਤੇ ਫਲਾਂ ਦੀ ਉਪਲਭਧਤਾ ਨੂੰ ਕਿਵੇਂ ਪ੍ਰਭਾਵਤ ਕਰਦਾ ਹੈ ਆਲਮੀ ਤਪਸ਼ ਕਾਰਨ ਹੋ ਰਿਹਾ ਜਲਵਾਯੂ ਬਦਲਾਅ ਅਤੇ ਇਸ ਵਰਤਾਰੇ ਦੀ ਬਦੌਲਤ ਕਿਵੇਂ ਹੋ ਰਹੀ ਹੈ ਪ੍ਰਭਾਵਤ ਸਾਡੀ ਭੋਜਨ ਵਿਵਸਥਾ!

ਮਰਦ ਸੂਤਰਧਾਰ : ਗੱਲ ਹੋਈ ਸੀ ਕਿ ਅੱਜ ਕੱਲ ਸਰਦੀਆਂ ਦੀ ਅਵਧੀ ਘਟ ਰਹੀ ਹੈ! ਸਰਦੀਆਂ ਦੌਰਾਨ ਤਾਪਮਾਨ ਵਧ ਰਿਹਾ ਹੈ ਜਿਸ ਕਰਕੇ ਭੋਜਨ ਦੀਆਂ ਫਸਲਾਂ ਦੇ ਪਰਾਗ ਕਣ ਕਮਜੋਰ ਹੋ ਰਹੇ ਹਨ ਅਤੇ ਉਨ੍ਹਾਂ ਦੀ ਤਾਦਾਦ ਵੀ ਬਹੁਤ ਜਿਆਦਾ ਘਟ ਰਹੀ ਹੈ!

ਔਰਤ ਸੂਤਰਧਾਰ: ਵਿਗਿਆਨੀਆਂ, ਵਿਦਿਆਰਥੀ ਤੇ ਪੱਤਰਕਾਰ ਦੇ ਆਪਸੀ ਵਾਰਤਾਲਾਪ ਰਾਹੀਂ ਉਹ ਵਿਗਿਆਨਿਕ ਸਿਧਾਂਤ ਤੇ ਵਿਗਿਆਨ-ਨਿਯਮ ਸਮਝ ਵਿੱਚ ਆਏ ਸਨ ਜਿਹੜੇ ਕੰਮ ਕਰਦੇ ਨੇ ਸਰਦੀਆਂ ਦੀ ਅਵਧੀ ਘਟਣ ਕਾਰਨ ਫਸਲਾਂ ਦਾ ਝਾੜ ਘਟਾਉਣ ਦੇ ਵਰਤਾਰੇ ਦੇ ਪਿੱਛੇ!

ਮਰਦ ਸੂਤਰਧਾਰ : ਗੱਲ ਕੀਤੀ ਸੀ ਖੁਲ੍ਹ ਕੇ ਕਿ ਸਰਦੀਆਂ ਦੇ ਵਧਦੇ ਤਾਪਮਾਨ ਕਾਰਨ ਅੰਨ ਦੀਆਂ ਫਸਲਾਂ ਦੇ ਪਰਾਗ ਕਣ ਨਪੁੰਸਕ ਹੋ ਜਾਂਦੇ ਨੇ! ਇਨ੍ਹਾਂ ਦੇ ਕਾਰਨ ਹੀ ਘਟਦਾ ਜਾ ਰਿਹਾ ਹੈ ਸਾਡੀਆਂ ਚਾਵਲ ਤੇ ਕਣਕ ਦੀਆਂ ਫਸਲਾਂ ਦਾ ਝਾੜ ਤੇ ਕੁੱਲ ਉਤਪਾਦਨ ਵੀ!

ਔਰਤ ਸੂਤਰਧਾਰ: ਗੱਲ ਹੋਈ ਸੀ ਕਿ ਸਰਦੀਆਂ ਦੌਰਾਨ ਤਾਪਮਾਨ ਜ਼ਿਆਦਾ ਹੋਣ ਕਰਕੇ ਅਤੇ ਸਰਦੀਆਂ ਦੀ ਅਵਧੀ ਘਟਣ ਕਰਕੇ ਸਬਜ਼ੀਆਂ ਅਤੇ ਸੇਬ ਵਰਗੀਆਂ ਫਸਲਾਂ ਦੇ ਫੁਲਾਂ ਨੂੰ ਲੋੜ ਅਨੁਸਾਰ ਠੰਡਕ ਨਹੀਂ ਮਿਲਦੀ ਜਿਸ ਕਰਕੇ ਉਨ੍ਹਾਂ ਦੀ ਉਤਪਾਦਨ ਸ਼ਕਤੀ ਘਟ ਜਾਂਦੀ ਹੈ ਅਤੇ ਕੁੱਲ ਉਤਪਾਦਨ ਡਿੱਗ ਪੈਂਦਾ ਹੈ!

ਮਰਦ ਸੂਤਰਧਾਰ : ਸੁਣਾ ਦਿੱਤਾ ਸੀ ਕਿੱਸਾ ਉਸ ਵਿਗਿਆਨਿਕ ਨਿਯਮ ਦਾ ਵੀ ਜਿਸ ਦੀ ਬਦੌਲਤ ਬਦਲਦਾ ਜਲਵਾਯੂ ਕਰਦਾ ਹੈ ਮਾਰ ਸਾਡੀ ਜੈਵਿਕ ਵੰਨ ਸੁਵੰਨਤਾ ਉਪਰ ਵੀ! ਇਸ ਜੈਵਿਕ ਭਿੰਨਤਾ ਦੀ ਘਾਟ ਕਰਦੀ ਹੈ ਮਾਰ ਅੰਨ ਦੀ ਉਪਲਬਧਤਾ 'ਤੇ ਵੀ!

ਔਰਤ ਸੂਤਰਧਾਰ: ਆਈਆਂ ਸਨ ਸਾਡੇ ਸਨਮੁੱਖ ਇਹ ਹਕੀਕਤਾਂ ਵੀ ਕਿ ਭੋਜਨ ਵਾਫਰ ਹੋਣ ਦੇ ਬਾਵਜੂਦ ਜੇ ਕਰ ਪੱਲੇ ਪੈਸਾ ਨਾ ਹੋਵੇ ਤਾਂ ਭੋਜਨ ਵਸਤਾਂ ਖ਼੍ਰੀਦੀਆਂ ਨਹੀਂ ਜਾ ਸਕਦੀਆਂ! ਭੋਜਨ ਦੀ ਉਪਲਬਧਤਾ ਮੁੱਖ ਰੂਪ ਵਿੱਚ ਨਿਰਭਰ ਹੈ ਪਰਿਵਾਰਕ ਆਮਦਨ, ਜਖੀਰੇ ਬਾਜ਼ੀ, ਸੱਟਾ ਬਜਾਰ ਜਾਂ ਸਰਕਾਰ ਦੀਆਂ ਭਾਅ ਅਤੇ ਦਰਾਮਦ-ਬਰਾਮਦ ਨੀਤੀਆਂ 'ਤੇ!

ਮਰਦ ਸੂਤਰਧਾਰ : ਹੋ ਗਿਆ ਸੀ ਸਪਸ਼ਟ ਇਹ ਵੀ ਕਿ ਆਖਰਕਾਰ ਜਦ ਭੋਜਨ ਪਦਾਰਥਾਂ ਦਾ ਕੁੱਲ ਉਤਪਾਦਨ ਹੀ ਘਟ ਜਾਂਦਾ ਹੈ ਤਾਂ ਬਜ਼ਾਰ ਵਿੱਚ ਇਨ੍ਹਾਂ ਵਸਤਾਂ ਦੇ ਭਾਅ ਅਸਮਾਨੀ ਛੂਹਣ ਲੱਗਦੇ ਹਨ! ਇਨ੍ਹਾਂ ਮਹਿੰਗੇ ਭਾਅਵਾਂ ਵਿੱਚ ਅਮੀਰ ਤਾਂ ਭੋਜਨ ਵਸਤਾਂ ਖ਼੍ਰੀਦ ਹੀ ਲੈਣਗੇ ਪਰ ਗਰੀਬ ਇਨ੍ਹਾਂ ਤੋਂ ਵਿਰਵੇ ਰਹਿ ਜਾਣਗੇ! ਗਰੀਬਾਂ ਉਪਰ ਹੀ ਪਵੇਗੀ ਇਸ ਦੀ ਜਿਆਦਾ ਮਾਰ ਵੀ!

ਔਰਤ ਸੂਤਰਧਾਰ: ਸੁਣਾਈ ਸੀ ਕਹਾਣੀ ਕਿ ਸਮੁੰਦਰੀ ਪਾਣੀ ਦੇ ਵਧਦੇ ਤਾਪਮਾਨ ਕਾਰਨ ਮੱਛੀਆਂ ਆਪਣੇ ਪ੍ਰਜਨਣ ਸਥਾਨ ਬਦਲ ਲੈਂਦੀਆਂ ਹਨ ਅਤੇ ਮੱਛੀ ਜਾਂ ਸਮੁੰਦਰੀ ਜਲ ਤੋਂ ਮਿਲਣ ਵਾਲੇ ਭੋਜਨ ਦੀ ਘਟ ਜਾਂਦੀ ਉਪਲਬਧਤਾ ਵੀ! ਖੁੱਸ ਜਾਂਦਾ ਹੈ ਭੋਜਨ ਤੇ ਰੁਜ਼ਗਾਰ ਤੱਟ ਵਰਤੀ ਮਛੇਰਾ ਪਰਿਵਾਰਾਂ ਦਾ! ਮਛੇਰੇ ਕਰਦੇ ਨੇ ਗੰਭੀਰ ਸੰਕਟ ਦਾ ਸਾਹਮਣਾ ਗੁਜ਼ਰ-ਬਸਰ ਅਤੇ ਭੋਜਨ ਉਪਲਬਧਤਾ ਦੇ ਮਾਮਲੇ ਵਿੱਚ!

ਮਰਦ ਸੂਤਰਧਾਰ : 'ਅਲੋਪ ਹੋ ਰਹੇ ਗਲੇਸ਼ੀਅਰ' ਵਿੱਚ ਸੁਣਾਈ ਸੀ ਅਸੀਂ ਕਹਾਣੀ ਜਲਵਾਯੂ ਬਦਲਾਅ ਕਾਰਨ ਸਾਡੇ ਤੇਜ਼ੀ ਨਾਲ ਪਿਘਲਦੇ ਜਾਂਦੇ ਗਲੇਸ਼ੀਅਰਾਂ ਦੀ!

ਔਰਤ ਸੂਤਰਧਾਰ: ਹੋਈ ਸੀ ਚਰਚਾ ਕਿ ਗਲੇਸ਼ੀਅਰਾਂ ਦੇ ਖਤਮ ਹੋਣ ਦਾ ਵਰਤਾਰਾ ਵਿਸ਼ਵ ਵਿਆਪੀ ਹੈ! ਇਸ ਦਾ ਨਤੀਜਾ ਹੈ ਕਿ ਸਾਡੀਆਂ ਨਦੀਆਂ ਦਾ ਪਾਣੀ ਹੀ ਮੁੱਕਦਾ ਜਾ ਰਿਹਾ ਹੈ ਜਿਸ ਨਾਲ ਮਨੁੱਖਤਾ ਦੀ ਹੋਂਦ ਹੀ ਪੈ ਰਹੀ ਹੈ ਖਤਰੇ ਦੇ ਵਿੱਚ!

ਮਰਦ ਸੂਤਰਧਾਰ : ਸੁਣਾ ਦਿੱਤਾ ਸੀ ਇਹ ਸੱਚ ਵੀ ਕਿ 2000 ਤੋਂ 2016 ਦੇ ਦਰਮਿਆਨ ਹੀ ਐਂਟਾਰਟਿਕਾ ਦੀ ਬਰਫ ਦੇ ਪਿਘਲਣ ਦੀ ਸਾਲਾਨਾ ਦਰ ਕਰੀਬ 125 ਗੀਗਾ ਟਨ ਯਾਣੀ 400 ਕਰੋੜ ਕੁਆਂਟਲ ਹੈ! ਇਸ ਪਿਘਲਦੀ ਬਰਫ ਦਾ ਪਾਣੀ ਜਾ ਰਿਹਾ ਹੈ ਸਮੁੰਦਰਾਂ ਵਿੱਚ ਜਿਨ੍ਹਾਂ ਦਾ ਜਲ ਪੱਧਰ ਉਚਾ ਉੱਠ ਰਿਹਾ ਹੈ!

ਔਰਤ ਸੂਤਰਧਾਰ: ਪਿਛਲੀ ਅੱਧੀ ਸਦੀ ਵਿੱਚ ਹੀ ਪਿਘਲ ਗਏ ਨੇ 200 ਗਲੇਸ਼ੀਅਰ! ਐਂਟਾਰਟਿਕਾ ਦੀ ਸਾਰੀ ਬਰਫ ਪਿਘਲ ਕੇ ਸਮੁੰਦਰ ਦੇ ਜਲ ਪੱਧਰ ਨੂੰ 230 ਫੁੱਟ ਉਚਾ ਕਰ ਸਕਦੀ ਹੈ! ਸਮੁੰਦਰੀ ਜਲ ਸਤਰ ਉੱਚਾ ਹੋਣ ਨਾਲ ਡੁੱਬ ਜਾਣਗੇ ਟਾਪੂ, ਹੋ ਜਾਵੇਗੀ ਜਲ ਮਗਨ ਤੱਟਵਰਤੀ ਆਬਾਦੀ ਤੇ ਖਤਮ ਹੋ ਜਾਣਗੇ ਰੁਜਗਾਰ!

ਮਰਦ ਸੂਤਰਧਾਰ : ਬਰਫ ਦਾ ਇਹ ਪਿਘਲਾਅ ਵਧਾ ਰਿਹਾ ਹੈ ਧਰਤੀ ਦੀ ਤਪਸ਼ ਨੂੰ ਵੀ! ਵਿਗਿਆਨਿਕ ਨਿਯਮ ਹੈ ਕਿ ਚਿੱਟੇ ਤਲਾਂ ਤੋਂ ਗਰਮੀ ਵਾਪਸ ਪਲਟ ਜਾਂਦੀ ਹੈ! ਇਸੇ ਨਿਯਮ ਅਨੁਸਾਰ ਗਲੇਸ਼ੀਅਰਾਂ ਦੀ ਚਿੱਟੀ ਚਾਦਰ ਤੋਂ ਤਪਸ਼ ਵਾਪਸ ਮੁੜ ਜਾਂਦੀ ਹੈ! ਪਰ ਇਨ੍ਹਾਂ ਦੇ ਪਿਘਲਣ ਉਪਰੰਤ ਨੰਗੀ ਧਰਤੀ 'ਤੇ ਪੈਂਦੀ ਤਪਸ਼ ਵਾਪਸ ਨਹੀਂ ਜਾ ਸਕਦੀ ਜਿਸ ਕਰਕੇ ਧਰਤੀ ਜਿਆਦਾ ਗਰਮ ਹੋਣ ਲਗਦੀ ਹੈ! ਇਸ ਤਰ੍ਹਾਂ

ਚੱਲ ਪੈਂਦਾ ਹੈ ਇੱਕ ਚੱਕਰ ਇਸ ਤਪਸ਼ ਤੇ ਬਰਫ ਦੇ ਪਿਘਲਣ ਦਾ! ਤਪਸ਼ ਹੁਣ ਆ ਰਹੀ ਹੈ ਸਾਡੀ ਧਰਤੀ ‘ਤੇ ਹੀ ਅਤੇ ਕਰ ਰਹੀ ਹੈ ਇਸਨੂੰ ਗਰਮ! ਸੁਣਾ ਦਿੱਤੀ ਸੀ ਕਹਾਣੀ।

ਔਰਤ ਸੂਤਰਧਾਰ: ਗੱਲ ਤਾਂ ਇਹ ਵੀ ਹੋਈ ਸੀ ਕਿ ਕਿਵੇਂ ਜਦ ਗਲੇਸ਼ੀਅਰ ਪਿਘਲਕੇ ਪਿੱਛੇ ਹਟਦੇ ਹਨ ਤਾਂ ਨੰਗੀ ਧਰਤੀ ‘ਤੇ ਬਹੁਤ ਸਾਰੇ ਖੱਡੇ ਛੱਡ ਜਾਂਦੇ ਹਨ! ਇਨ੍ਹਾਂ ਖੱਡਿਆਂ ਵਿੱਚ ਪਾਣੀ ਭਰਨ ਨਾਲ ਬਣ ਜਾਂਦੀਆਂ ਨੇ ਵੱਡੀਆਂ ਵੱਡੀਆਂ ਝੀਲਾਂ! ਕੇਦਾਰਨਾਥ ਵਿਖੇ ਹੜ੍ਹ ਦਾ ਕਹਿਰ ਵੀ ਤਾਂ ਚੋਰਾਬਰੀ ਗਲੇਸ਼ੀਅਰ ਦੇ ਪਿਘਲਣ ਤੋਂ ਬਾਅਦ ਬਣੀ ਝੀਲ ਦੇ ਟੁੱਟਣ ਕਾਰਨ ਹੀ ਵਾਪਰਿਆ ਸੀ!

ਮਰਦ ਸੂਤਰਧਾਰ : ਸੰਸਾਰ ਵਿੱਚ ਸੱਭ ਤੋਂ ਵੱਡਾ 77 ਕਿਲੋਮੀਟਰ ਆਕਾਰ ਵਾਲਾ ਗਲੇਸ਼ੀਅਰ ਫੈਡਚੈਂਕੋ ਹੈ! ਸਾਡੇ ਭਾਰਤ ਦਾ ਸਿਆਚਿਨ ਗਲੇਸ਼ੀਅਰ ਸੰਸਾਰ ਦਾ ਦੂਜਾ ਵੱਡਾ ਗਲੇਸ਼ੀਅਰ ਹੈ!

ਔਰਤ ਸੂਤਰਧਾਰ: ਸੁਣਾਈ ਸੀ ਕਹਾਣੀ ਕਿ ਸਾਡੇ ਹਿਮਾਂਸ਼ ਖੋਜ ਕੇਂਦਰ ਜਾਂ ਐਵਲਾਂਚੀ ਅਧਿਅਨ ਅਸਟੈਬਲਿਸ਼ਮੈਂਟ ਵਰਗੇ ਖੋਜ ਸੰਸਥਾਨ ਕਰ ਰਹੇ ਨੇ ਅਧਿਅਨ ਇਨ੍ਹਾਂ ਗਲੇਸ਼ੀਅਰਾਂ ਦਾ! ਸਟੇਕ ਨਾਮੀ ਇੱਕ ਛਟੀ ਨੁਮਾ ਯੰਤਰ ਇਨ੍ਹਾਂ ਗਲੇਸ਼ੀਅਰਾਂ ਦੀ ਮੋਟਾਈ ਅਤੇ ਅੰਦਰਲਾ ਤਾਪਮਾਨ ਜਾਣਨ ਵਿੱਚ ਮਦਦ ਕਰਦਾ ਹੈ!

ਮਰਦ ਸੂਤਰਧਾਰ : “ਆਉਣ ਵਾਲੀਆਂ ਮੁਸੀਬਤਾਂ ਅਤੇ ਅਧੂਰੀਆਂ ਤਿਆਰੀਆਂ” ਵਿੱਚ ਸੀ ਕਹਾਣੀ ਜਲਵਾਯੂ ਬਦਲਾਅ ਦੇ ਨੁਕਸਾਨਦਾਇਕ ਪ੍ਰਭਾਵਾਂ ਦੀ ਤੇ ਇਨ੍ਹਾਂ ਦਾ ਮੁਕਾਬਲਾ ਕਰਨ ਵਾਸਤੇ ਸਾਡੀਆਂ ਤਿਆਰੀਆਂ ਦੀ!

ਔਰਤ ਸੂਤਰਧਾਰ: ਜਲਵਾਯੂ ਬਦਲਾਅ ਦੇ ਕਾਰਨ ਰੋਗਾਂ ਦੇ ਜਨਕ-ਕੀਟ ਪਨਪ ਪੈਂਦੇ ਹਨ ਉਨ੍ਹਾਂ ਥਾਵਾਂ ਤੇ ਵੀ ਜਿਥੇ ਪਹਿਲਾਂ ਨਹੀਂ ਹੁੰਦੀਆਂ ਕੁੱਝ ਬਿਮਾਰੀਆਂ! ਇਸ ਲਈ ਲੋੜ ਹੈ ਗਲੋਬਲ ਵਾਰਮਿੰਗ ਦੀ ਹਕੀਕਤ ਅਤੇ ਇਸ ਦੇ ਨਾ-ਨਾ ਪ੍ਰਕਾਰ ਦੇ ਪ੍ਰਭਾਵਾਂ ਨੂੰ ਸਮਝ ਕੇ ਅਗਾਊਂ ਤਿਆਰੀਆਂ ਕਰਨ ਦੀ!

ਮਰਦ ਸੂਤਰਾਧਾਰ: ਇਸ ਆਲਮੀ ਤਪਸ਼ ਕਾਰਨ ਬਦਲਦੇ ਜਾਲਵਾਯੂ ਦੇ ਜ਼ਰੀਏ, ਨਵੇਂ ਪਨਪਦੇ ਅਤੇ ਪੁਨਰ ਸੁਰਜੀਤ ਹੋ ਰਹੇ ਰੋਗਾਂ ਬਾਬਤ ਖੋਜ, ਦਵਾਈਆਂ ਅਤੇ ਸਾਜੋ ਸਾਮਾਨ ਤਿਆਰ ਕਰਨ ਦੀ ਲੋੜ ਹੈ!

## ਪ੍ਰਸ਼ਨ ਜੋ ਹੋ ਸਕਦੇ ਹਨ, ਜਿਨ੍ਹਾਂ ਦੇ ਜਵਾਬ ਦੇਣ ਦੀ ਲੋੜ ਹੈ!

ਜਲਵਾਯੂ ਬਦਲਾਅ ਦੇ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ‘ਤੇ ਗਰੀਬ ਮੁਲਕਾਂ ਦੇ ਮੁਕਾਬਲੇ ਕਿੰਨੇ ਕੁ ਪ੍ਰਭਾਵ ਪੈਣਗੇ?

ਭਾਰਤ ਦੇ ਕਿਹੜੇ ਗਲੇਸ਼ਅਰ ਖਿਸਕ ਰਹੇ ਹਨ?

ਕੀ ਭਾਰਤ ਦੇ ਪੂਰਬੀ ਤੇ ਪੱਛਮੀ ਦੋਵਾਂ ਤੱਟਾਂ ਤੇ ਇੱਕੋ ਜਿਹਾ ਪ੍ਰਭਾਵ ਪਵੇਗਾ ਜਲਵਾਯੂ ਬਦਲਾਅ ਦਾ?

ਭਾਰਤ ਦੀਆਂ ਕਿਹੜੀਆਂ ਨਦੀਆਂ ਦੇ ਸੁੱਕਣ ਦਾ ਖਤਰਾ ਹੈ?

ਭਾਰਤੀ ਸਮੁੰਦਰਾਂ ਦਾ ਜਲ ਪੱਧਰ ਕਿੰਨਾ ਕੁ ਉਚਾ ਉੱਠ ਰਿਹਾ ਹੈ?

ਭਾਰਤ ਦੇ ਕਿਹੜੇ ਸੂਬਿਆਂ ਦੀ ਤੱਟ ਵਰਤੀ ਵਸੋਂ ਨੂੰ ਜਿਆਦਾ ਖਤਰਾ ਹੈ?

ਭਾਰਤ ਦੇ ਅਰਥਚਾਰੇ ‘ਤੇ ਕੀ ਪਵੇਗਾ ਪ੍ਰਭਾਵ ਜਲਵਾਯੂ ਬਦਲਾਅ ਦਾ?

ਭਾਰਤ ਦੀ ਕਿਸ ਵਰਗ ਦੀ ਵਸੋਂ ਆਲਮੀ ਤਪਸ਼ ਕਾਰਨ ਜਿਆਦਾ ਪ੍ਰਭਾਵਤ ਹੋਵੇਗੀ?

ਰੁਜਗਾਰ ‘ਤੇ ਕੀ ਪਵੇਗਾ ਪ੍ਰਭਾਵ ਆਲਮੀ ਤਪਸ਼ ਤੇ ਬਦਲਦੀਆਂ ਫਿਜ਼ਾਵਾਂ ਦਾ?

ਕਿਸ ਪ੍ਰਕਾਰ ਦੇ ਰੁਜਗਾਰ ਤੇ ਵੱਜੇਗੀ ਜ਼ਿਆਦਾ ਚੋਟ?

ਭਾਰਤ ਦੀ ਅੰਨ ਉਤਪਾਦਨ ਸਮਰੱਥਾ ‘ਤੇ ਕੀ ਤੇ ਕਿੰਨਾ ਕੁ ਪਵੇਗਾ ਪ੍ਰਭਾਵ?

ਸਾਡੀ ਭੋਜਨ ਸੁਰੱਖਿਆ ਨੂੰ ਕਿਵੇਂ ਪ੍ਰਭਾਵਤ ਕਰੇਗਾ ਜਲਵਾਯੂ ਵਿੱਚ ਹੋ ਰਿਹਾ ਬਦਲਾਅ?

ਭਾਰਤ ਦੇ ਕਿਹੜੇ ਇਲਾਕਿਆਂ ਵਿੱਚ ਹੜ੍ਹਾਂ ਦੀ ਮਾਰ ਦਾ ਖਤਰਾ ਵਧੇਗਾ?

ਕਿਹੜੇ ਇਲਾਕਿਆਂ ਵਿਚੋਂ ਆਬਾਦੀ ਦਾ ਹੋਵੇਗਾ ਉਜਾੜਾ?

ਕਿਸ ਪ੍ਰਕਾਰ ਦੇ ਧੰਦੇ ਹੋਣਗੇ ਪ੍ਰਭਾਵਤ?

ਜਲਵਾਯੂ ਬਦਲਾਅ ਕਾਰਨ ਭਾਰਤ ਵਿੱਚ ਸਮਾਜਕ ਤਾਣਾ ਬਾਣਾ ਟੁੱਟਣ ਦਾ ਖਤਰਾ ਕੀ ਤੇ ਕਿੰਨਾ ਕੁ ਹੈ?

ਜਲਵਾਯੂ ਬਦਲਾਅ ਨਾਲ ਕਿਹੜੇ ਇਲਾਕੇ ਦੇ ਜੰਗਲਾਂ ‘ਤੇ ਪਵੇਗਾ ਪ੍ਰਭਾਵ?

ਕਿਹੜੇ ਜੰਗਲੀ ਜਾਨਵਰਾਂ ਦੇ ਲੁਪਤ ਹੋਣ ਦਾ ਪੈਦਾ ਹੋਵੇਗਾ ਖਤਰਾ ?

ਘਾਹ ਬੂਟ ਘਟਣ ਕਰਕੇ ਮਾਸਾਹਾਰੀਆਂ ਉਪਰ ਕਿਉਂ ਪੈਂਦਾ ਹੈ ਬੁਰਾ ਪ੍ਰਭਾਵ?

ਸਰਦੀਆਂ ਕਿੰਨੀਆਂ ਕੁ ਘਟ ਜਾਣਗੀਆਂ?

ਕਿੰਨਾ ਕੁ ਤੇ ਕੀ ਪਵੇਗਾ ਪ੍ਰਭਾਵ ਸਰਦੀਆਂ ਦੀ ਅਵਧੀ ਤੇ ਠੰਢ ਘਟਣ ਦਾ ਸਾਡੇ ਭੋਜਨ ਸੁਰੱਖਿਆ ਪ੍ਰਬੰਧ ‘ਤੇ?

ਕੀ ਪ੍ਰਭਾਵ ਪਵੇਗਾ ਸਾਡੀਆਂ ਦਰਾਮਦਾਂ ਅਤੇ ਬਰਾਮਦਾਂ ‘ਤੇ?

ਸਿਆਚਿਨ ਗਲੇਸ਼ੀਅਰ ਕਿਸ ਰਫਤਾਰ ਨਾਲ ਪਿਘਲ ਰਿਹਾ ਹੈ?

ਕੇਦਾਰਨਾਥ ਦੇ ਹੜ੍ਹਾਂ ਦਾ ਕਾਰਨ ਜਲਵਾਯੂ ਬਦਲਾਅ ਕਿਵੇਂ ਬਣਿਆ?

ਬਰਫਾਨੀ ਚੋਟੀਆਂ ਨੰਗੀਆਂ ਹੋਣ ਨਾਲ ਤਾਂ ਫਸਲਾਂ ਵਾਸਤੇ ਜਿਆਦਾ ਭੋਂ ਉਪਲਬਧ ਹੋ ਜਾਂਦੀ ਹੈ ਤਾਂ ਫਿਰ ਭੋਜਨ ਵਸਤਾਂ ਦੀ ਘਾਟ ਕਿਉਂ ਹੋ ਜਾਂਦੀ ਹੈ?

ਨਵੇਂ ਵਿਕਾਸ ਮਾਡਲ ਦਾ ਕੀ ਹੈ ਸਬੰਧ ਜਲਵਾਯੂ ਬਦਲਾਅ ਨਾਲ?

ਜਲਵਾਯੂ ਬਦਲਾਅ ਕਾਰਨ ਕਿਹੜੀਆਂ ਬਿਮਾਰੀਆਂ ਦੇ ਮੁੜ ਸਿਰ ਚੁੱਕਣ ਜਾਂ ਪੁਨਰ ਸੁਰਜੀਤ ਹੋਣ ਦਾ ਖਤਰਾ ਹੈ ਤੇ ਕਿਉਂ?

ਭੋਜਨ ਸੁਰੱਖਿਆ ਤੇ ਜਨਸਾਧਾਰਨ ਨੂੰ ਭੋਜਨ ਨਾ ਮਿਲਣ ਕਰਕੇ ਭੁੱਖਮਰੀ ਵਿੱਚ ਮੁੱਖ ਯੋਗਦਾਨ ਕਿਨ੍ਹਾਂ ਕਾਰਕਾਂ ਦਾ ਹੈ?

ਭਾਰਤ ਵਿੱਚ ਅੰਨ ਦੇ ਭੰਡਾਰ ਵਾਫਰ ਹੋਣ ਦੇ ਬਾਵਜੂਦ ਇਸ ਦਾ ਨੰਬਰ ਸੰਸਾਰ ਭੁੱਖਮਰੀ ਸੂਚਕ ਵਿੱਚ 2019 ਵਿੱਚ 117 ਦੇਸ਼ਾਂ ਵਿੱਚੋਂ 102 ‘ਤੇ ਕਿਉਂ ਹੈ?

ਕਾਰਬਨ ਡਾਈਅਕਸਾਈਡ ਨਾਲ ਤਾਂ ਪੌਦਿਆਂ ਵਿੱਚ ਪ੍ਰਕਾਸ਼ ਸੰਸਲੇਸ਼ਣ ਵਧਦਾ ਹੈ ਤਾਂ ਕਾਰਬਨ ਡਾਈਅਕਸਾਈਡ ਤੋਂ ਖਤਰਾ ਕਿਉਂ?

ਬਰਫ ਪਿਘਲਣ ਨਾਲ ਤਾਂ ਨਦੀਆਂ ਵਿੱਚ ਜਲ ਵਧੇਗਾ ਤਾਂ ਨਦੀਆਂ ਨੂੰ ਸੁੱਕਣ ਦਾ ਖਤਰਾ ਕਿਉਂ?

ਜਲਵਾਯੂ ਬਦਲਾਅ ਕਾਰਨ ਸਮੁੰਦਰ ਵਿੱਚ ਖਾਰਾਪਣ ਤੇ ਤੇਜਾਬੀਪਣ ਕਿਉਂ ਵਧ ਜਾਂਦਾ ਹੈ?

ਜਲ ਜੀਵਣ ਦੀ ਵੰਨ ਸੁਵੰਨਤਾ ‘ਤੇ ਸਮੁੰਦਰਾਂ ਦੇ ਪਾਣੀ ਦੇ ਤਾਪਮਾਨ, ਖਾਰਾਪਣ ਅਤੇ ਤੇਜ਼ਾਬੀਪਣ ਵਧਣ ਦਾ ਕੀ ਪ੍ਰਭਾਵ ਹੈ ਤੇ ਕਿਵੇਂ ਹੈ?

ਮਿੱਟੀ ਵਿੱਚ ਕੀ ਬਦਲਾਅ ਆਉਂਦੇ ਹਨ ਅਤੇ ਉਨ੍ਹਾਂ ਦਾ ਅੰਨ ਉਤਪਾਦਨ ‘ਤੇ ਕੀ ਪ੍ਰਭਾਵ ਹੈ?

ਜਲਵਾਯੂ ਬਦਲਾਅ ਕਾਰਨ ਭੋਜਨ ਵਸਤਾਂ ਦੀ ਕਮੀ ਪੈਦਾ ਹੋਣ ਦਾ ਗਰੀਬਾਂ ‘ਤੇ ਜ਼ਿਆਦਾ ਪ੍ਰਭਾਵ ਕਿਉਂ ਤੇ ਕਿਵੇਂ ਪੈਂਦਾ ਹੈ?

ਸਾਨੂੰ ਜਲਵਾਯੂ ਬਦਲਾਅ ਵਾਸਤੇ ਕਿਹੜੀਆਂ ਤਿਆਰੀਆਂ ਦੀ ਲੋੜ ਹੈ?

ਜਲਵਾਯੂ ਬਦਲਾਅ ਨੂੰ ਠੱਲ੍ਹ ਪਾਉਣ ਵਾਸਤੇ ਜਨ ਸਾਧਾਰਨ ਦੀ ਕੀ ਭੂਮਿਕਾ ਹੈ?